AILA

AMERICAN IMMIGRATION LAWYERS ASSOCIATION



# ਆਪਣੇ ਅਧਿਕਾਰਾਂ ਨੂੰ ਜਾਣੋ: ਜੇ ਆਈ ਸੀ ਈ ਤੁਹਾਡੇ ਘਰ ਆਉਂਦਾ ਹੈ

ਯੂਨਾਇਟੇਡ ਸਟੇਟਸ ਵਿਚ ਰਹਿਣ ਵਾਲੇ ਸਾਰੇ ਲੋਕਾਂ ਕੋਲ ਕੁਝ ਯੂ ਐਸ ਸੰਵਿਧਾਨਿਕ ਅਧਿਕਾਰ ਮੌਜੂਦ ਹੁੰਦੇ ਹਨ ਜਿਸ ਵਿਚ ਉਹ ਪ੍ਰਵਾਸੀ ਵੀ ਸਮਿਲਿਤ ਹਨ ਜੋ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹਨ। ਜੇ ਤੁਸੀਂ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹੋ ਅਤੇ ਇਮੀਗ੍ਰੇਸ਼ਨ (ਆਈ ਸੀ ਈ) ਅਫਸਰ ਤੁਹਾਡਾ ਦਰਵਾਜਾ ਖੜਕਾਉਂਦਾ ਹੈ, ਇਹ ਜਾਣੋ ਕਿ ਤੁਹਾਡੇ ਕੋਲ ਨਿਮਨਲਿਖਿਤ ਅਧਿਕਾਰ ਹਨ:

- ਤੁਹਾਨੂੰ ਦਰਵਾਜਾ ਖੋਲ੍ਹਣ ਦੀ ਲੋੜ ਨਹੀਂ ਹੈ। ਤੁਹਾਨੂੰ ਦਰਵਾਜਾ ਖੋਲ੍ਹਣ ਦੀ ਜਾਂ ਅਫਸਰਾਂ ਨੂੰ ਘਰ ਦੇ ਅੰਦਰ ਆਉਣ ਦੇਣ ਦੀ ਲੋੜ ਨਹੀਂ ਹੈ ਜਦੋਂ ਤੱਕ ਉਹਨਾਂ ਕੋਲ ਜੱਜ ਦੁਆਰਾ ਹਸਤਾਖ਼ਰ ਕੀਤਾ ਹੋਇਆ ਵੈਧ ਖੋਜ ਵਾਰੰਟ ਮੌਜੂਦ ਨਹੀਂ ਹੈ।
  - o ਇੱਕ ਆਈ ਸੀ ਈ ਦੇਸ਼ ਨਿਕਾਲਾ ਵਾਰੰਟ ਖੋਜ ਵਾਰੰਟ ਦੇ ਸਮਾਨ ਨਹੀਂ ਹੈ। ਜੇ ਸਿਰਫ ਇਹ ਦਸਤਾਵੇਜ ਉਹਨਾਂ ਕੋਲ ਮੌਜੂਦ ਹੈ, ਤੇ ਉਹ ਕਾਨੂੰਨੀ ਢੰਗ ਦੇ ਨਾਲ ਅੰਦਰ ਨਹੀਂ ਆ ਸਕਦੇ ਜਦੋਂ ਤੱਕ ਤੁਸੀਂ ਮੌਖਿਕ ਤੌਰ ਤੇ ਉਹਨਾਂ ਨੂੰ ਅੰਦਰ ਆਉਣ ਦੇ ਲਈ ਨਹੀਂ ਕਹਿੰਦੇ।
  - o ਜੇ ਅਫਸਰ ਇਹ ਕਹਿੰਦੇ ਹਨ ਕਿ ਉਹਨਾਂ ਕੋਲ ਜੱਜ ਦੁਆਰਾ ਹਸਤਾਖ਼ਰ ਕੀਤਾ ਹੋਇਆ ਖੋਜ ਵਾਰੰਟ ਹੈ, ਉਹਨਾਂ ਨੂੰ ਦਰਵਾਜੇ ਦੇ ਥੱਲਿਓਂ ਸਲਾਈਡ ਕਰਨ ਦੇ ਲਈ ਜਾਂ ਬਾਰੀ ਦੇ ਪਾਸਿਓਂ ਵਿਖਾਉਣ ਦੇ ਲਈ ਕਹੋ ਤਾਂ ਜੋ ਤੁਸੀਂ ਉਸਨੂੰ ਦੇਖ ਸਕੋ।
  - o ਜੇ ਵਾਰੰਟ ਤੇ ਤੁਹਾਡਾ ਸਹੀ ਨਾਮ ਅਤੇ ਪਤਾ ਨਹੀਂ ਹੈ ਅਤੇ ਉਸ ਤੇ ਜੱਜ ਦੇ ਹਸਤਾਖ਼ਰ ਨਹੀਂ ਹਨ ਤੁਹਾਨੂੰ ਦਰਵਾਜਾ ਖੋਲ੍ਹਣ ਦੀ ਜਾਂ ਉਹਨਾਂ ਨੂੰ ਅੰਦਰ ਆਉਣ ਦੇਣ ਦੀ ਲੋੜ ਨਹੀਂ ਹੈ।
  - o ਜੇ ਕਿਸੇ ਵੀ ਸਮੇਂ ਤੇ ਤੁਸੀਂ ਅਫਸਰਾਂ ਦੇ ਨਾਲ ਗੱਲ ਕਰਨ ਦਾ ਫੈਸਲਾ ਕਰਦੇ ਹੋ ਤੁਹਾਨੂੰ ਅਜਿਹਾ ਕਰਨ ਦੇ ਲਈ ਦਰਵਾਜਾ ਖੋਲ੍ਹਣ ਦੀ ਲੋੜ ਨਹੀਂ ਹੈ। ਤੁਸੀਂ ਦਰਵਾਜੇ ਦੁਆਰਾ ਜਾਂ ਬਾਹਰ ਨਿਕਲ ਕੇ ਉਹਨਾਂ ਦੇ ਨਾਲ ਗੱਲ ਕਰ ਸਕਦੇ ਹੋ ਅਤੇ ਦਰਵਾਜਾ ਬੰਦ ਕਰ ਸਕਦੇ ਹੋ।
- ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ। ਤੁਹਾਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਨਾਲ ਗੱਲ ਕਰਨ ਦੀ ਜਾਂ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।
  - o ਜੇ ਤੁਹਾਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਜਨਮ ਕਦੋਂ ਹੋਇਆ ਸੀ, ਜਾਂ ਤੁਸੀਂ ਯੂਨਾਇਟੇਡ ਸਟੇਟਸ ਵਿਚ ਪ੍ਰਵੇਸ਼ ਕਿਵੇਂ ਕੀਤਾ ਸੀ, ਤੁਸੀਂ ਜਵਾਬ ਦੇਣ ਤੋਂ ਮਨ੍ਹਾ ਕਰ ਸਕਦੇ ਹੋ ਜਾਂ ਚੁੱਪ ਰਹਿ ਸਕਦੇ ਹੋ।
  - o ਜੇ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ, ਅਜਿਹਾ ਬੋਲ ਕੇ ਦੱਸ ਦਵੋ
  - o ਤੁਸੀਂ ਇੱਕ ਅਫਸਰ ਨੂੰ ਇੱਕ ਆਪਣੇ ਅਧਿਕਾਰਾਂ ਨੂੰ ਜਾਨਣ ਵਾਲਾ ਕਾਰਡ ਦਿਖਾ ਸਕਦੇ ਹੋ ਜੋ ਇਹ ਵੇਰਵਾ ਪ੍ਰਦਾਨ ਕਰਦਾ ਹੈ ਕਿ ਤੁਸੀਂ ਚੁੱਪ ਰਹੋਗੇ ਅਤੇ ਇੱਕ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - o ਤੁਸੀਂ ਪਹਿਚਾਨ ਪੱਤਰ ਵਿਖਾਉਣ ਤੋਂ ਮਨ੍ਹਾ ਕਰ ਸਕਦੇ ਹੋ ਜੋ ਇਹ ਦੱਸਦੇ ਹਨ ਕਿ ਤੁਸੀਂ ਕਿਹੜੇ ਦੇਸ਼ ਦੇ ਹੋ।
  - o ਕੋਈ ਵੀ ਝੂਠੇ ਦਸਤਾਵੇਜ ਨਾ ਦਿਖਾਈ ਅਤੇ ਝੂਠ ਨਾ ਬੋਲੋ।
- ਤੁਹਾਡੇ ਕੋਲ ਇੱਕ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਹਾਨੂੰ ਨਜਰਬੰਦ ਕੀਤਾ ਗਿਆ ਹੈ ਜਾਂ ਹਿਰਾਸਤ ਵਿਚ ਲਿਆ ਗਿਆ ਹੈ, ਤੁਹਾਡੇ ਕੋਲ ਤੁਰੰਤ ਇੱਕ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ ਮੌਜੂਦ ਹੈ।
  - o ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਤੁਸੀਂ ਇਮੀਗ੍ਰੇਸ਼ਨ ਅਫਸਰਾਂ ਨੂੰ ਦੱਸ ਸਕਦੇ ਹੋ ਕਿ ਤੁਸੀਂ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - o ਜੇ ਤੁਹਾਡੇ ਕੋਲ ਉੱਲ ਵਕੀਲ ਮੌਜੂਦ ਹੈ, ਤੁਹਾਡੇ ਕੋਲ ਉਸਦੇ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਸੀਂ ਫ਼ਾਰਮ ਜੀ - 28 ਤੇ ਹਸਤਾਖਰ ਕੀਤੇ ਹਨ, ਜੋ ਇਹ ਦੱਸਦਾ ਹੈ ਕਿ ਤੁਹਾਡੇ ਕੋਲ ਇੱਕ ਵਕੀਲ ਹੈ, ਉਸਨੂੰ ਇੱਕ ਅਫਸਰ ਨੂੰ ਦੇ ਦਵੋ।
  - o ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਪਰੋ ਬੋਨੋ ਵਕੀਲਾਂ ਦੀ ਇੱਕ ਸੂਚੀ ਦੇ ਲਈ ਇੱਕ ਇਮੀਗ੍ਰੇਸ਼ਨ ਅਫਸਰ ਨੂੰ ਪੁਛੋ।
  - o ਤੁਹਾਡੇ ਕੋਲ ਆਪਣੇ ਕੌਨਸੋਲੇਟ ਦੇ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ। ਤੁਹਾਡਾ ਕੌਨਸੋਲੇਟ ਵਕੀਲ ਦਾ ਪਤਾ ਲਗਾਉਣ ਵਿਚ ਤੁਹਾਡਾ ਸਹਿਯੋਗ ਕਰ ਸਕਦਾ ਹੈ।
  - o ਤੁਸੀਂ ਕੋਈ/ਸਾਰੇ ਕਾਗਜ਼ਾਂ ਤੇ ਹਸਤਾਖ਼ਰ ਕਰਨ ਤੋਂ ਮਨ੍ਹਾ ਕਰ ਸਕਦੇ ਹੋ ਜਦੋਂ ਤੱਕ ਤੁਹਾਨੂੰ ਇੱਕ ਵਕੀਲ ਦੇ ਨਾਲ ਗੱਲ ਕਰਨ ਦਾ ਮੌਕਾ ਪ੍ਰਾਪਤ ਨਹੀਂ ਹੋਇਆ ਹੈ।
  - o ਜੇ ਤੁਸੀਂ ਬਿਨਾ ਇੱਕ ਵਕੀਲ ਨਾਲ ਗੱਲ ਕੀਤਿਆਂ ਕਿਸੇ ਚੀਜ਼ ਤੇ ਹਸਤਾਖ਼ਰ ਕਰਨ ਬਾਰੇ ਸੋਚਦੇ ਹੋ, ਇਹ ਸੁਨਿਸਚਿਤ ਕਰੋ ਕਿ ਦਸਤਾਵੇਜ ਤੇ ਹਸਤਾਖ਼ਰ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਜਾਣਕਾਰੀ ਹੈ ਕਿ ਦਸਤਾਵੇਜ ਕੀ ਕਹਿਣਾ ਚਾਹੁੰਦਾ ਹੈ ਅਤੇ ਉਸਦਾ ਮਤਲਬ ਕੀ ਹੈ।

ਜੇਕਰ ਤੁਸੀਂ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਜਾਂ ਇਹ ਇਹ ਜਾਨਣਾ ਚਾਹੁੰਦੇ ਹੋ ਕਿ ਤੁਸੀਂ ਇਮੀਗ੍ਰੇਸ਼ਨ ਦੇ ਲਾਭ ਜਾਂ ਸੁਖ ਲੈਣ ਯੋਗ ਹੋ ਸਕਦੇ ਹੋ, ਇਕ ਸਾਖੀ ਇਮੀਗ੍ਰੇਸ਼ਨ ਵਕੀਲ ਨਾਲ ਗਲ ਕਰੋ। ਆਪਣੇ ਇਲਾਕੇ ਵਿੱਚ ਵਕੀਲ ਨਾਲ ਜੁੜਨ ਲਈ www.ailalawyer.org ਤੇ ਜਾਉ।

ਇਸ ਦਸਤਾਵੇਜ ਦੀ ਸਮੱਗਰੀ ਵਿਚ ਵੈਧ ਸਲਾਹ ਸ਼ਾਮਲ ਨਹੀਂ ਹੈ।

**Translation provided by Foundation for International Services, Inc. (FIS), www.fis-web.com.**
**Contact Information: info@fis-web.com**

©2017 American Immigration Lawyers Association

#AILAStandsWithImmigrants